ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/ 671 ਮਿਤੀ : 10/07/19

RTI

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਰਜਿਸਟਰਾਰ
ਸਹਿਕਾਰੀ ਸਭਾਵਾਂ ਪੰਜਾਬ,
ਚੰਡੀਗੜ੍ਹ।
29 JUL 2019
4055

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

R.T.I

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

709
30/7/19

**ਯਾਦ ਪੱਤਰ :**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਤਰਸੇਮ ਲਾਲ, ਪਿੰਡ ਨੂਰਪੁਰ, ਤਹਿਸੀਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 12.06.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੱ.ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਹਰਦੀਪ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 12.06.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 4315 ਮਿਤੀ : 05/07/19

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਤਰਸੇਮ ਲਾਲ,
ਪਿੰਡ ਨੂਰਪੁਰ, ਤਹਿਸੀਲ ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ। (ਵਲੋਂ ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਤਰਸੇਮ ਸਿੰਘ)।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਦਰਖਾਸਤ ਮਿਤੀ : 29.03.2019 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਦੀ ਚੱਕ ਬਿਲਗਾ ਸਹਿਕਾਰੀ ਬਹੁੰਮਤਵੀ ਸੇਵਾ ਸਭਾ ਲਿਮ:, ਚੱਕ ਬਿਲਗਾ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਪ੍ਰਾਪਤ ਨਾ ਹੋਣ ਕਾਰਨ ਦਰਖਾਸਤ ਮਿਤੀ : 06.05.2019 ਰਾਹੀਂ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਮੰਗੀ ਗਈ ਉਸਨੂੰ ਅੱਜ ਤੱਕ ਪ੍ਰਾਪਤ ਨਹੀਂ ਹੋਈ। ਪ੍ਰਾਰਥੀ ਵਲੋਂ ਬੇਨਤੀ ਕੀਤੀ ਗਈ ਕਿ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਤੁਰੰਤ ਉਪਲਬੱਧ ਕਰਵਾਈ ਜਾਵੇ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਵੱਖ-ਵੱਖ ਮਿਤੀਆ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 12.06.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਵਾਂਸ਼ਹਿਰ ਦਫਤਰ ਵਲੋਂ ਹਾਜਰ ਆਏ ਸ੍ਰੀ ਸ਼ੇਰ ਸਿੰਘ, ਸੀਨੀਅਰ ਸਹਾਇਕ ਵਲੋਂ ਜਵਾਬ ਪੇਸ਼ ਕੀਤਾ ਗਿਆ, ਜਿਸ ਅਨੁਸਾਰ ਅਪੀਲਕਰਤਾ ਵਲੋਂ ਸੂਚਨਾ ਲੈਣ ਲਈ ਭੇਜੀ ਗਈ ਦਰਖਾਸਤ ਮਿਤੀ 01.04.2019 ਨੂੰ ਉਪ ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਦਫਤਰ ਵਿੱਚ ਪ੍ਰਾਪਤ ਹੋਈ ਅਤੇ ਉਨਾਂ ਵਲੋਂ 01.04.2019 ਨੂੰ ਹੀ ਆਪਣੇ ਦਫਤਰ ਦੇ ਪੱਤਰ ਨੰ: 664 ਰਾਹੀਂ ਇਹ ਦਰਖਾਸਤ ਸੂਚਨਾ ਭੇਜਣ ਲਈ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਨਵਾਂਸ਼ਹਿਰ ਦਫਤਰ ਨੂੰ ਭੇਜ਼ ਦਿੱਤੀ ਗਈ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਵਾਂਸ਼ਹਿਰ

........2........

ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਛਾਵਣੀ

ਦਫਤਰ ਵਲੋਂ ਵੀ ਮਿਤੀ 01.04.2019 ਨੂੰ ਪੱਤਰ ਨੰ: 590 ਰਾਹੀਂ ਨਰੀਖਕ ਸ.ਸ ਭਾਰਟਾਖੁਰਦ ਨੂੰ ਸੂਚਨਾ ਭੇਜਣ ਲਈ ਦਰਖਾਸਤ ਭੇਰ ਦਿੱਤੀ ਗਈ। ਦੀ ਚੱਕਬਿਲਗਾਂ ਸਹਿਕਾਰੀ ਬਹੁੰਮਤਵੀ ਸਭਾ ਲਿਮ: ਵਲੋਂ ਆਪਣੇ ਨਕਲ ਮਤਾ ਮਿਤੀ 09.04.2019 ਰਾਹੀਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਸਭਾ ਆਰ.ਟੀ.ਆਈ ਐਕਟ ਦੇ ਦਾਇਰੇ ਵਿਚ ਨਾ ਆਉਂਦੀ ਹੋਣ ਕਰਕੇ ਇਹ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ। ਸਹਾਇਕ ਰਜਿਸਟਰਾਰ, (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਵਾਂਸ਼ਹਿਰ ਦੇ ਦਫਤਰ ਵਿੱਚ ਜੋ ਵੀ ਸੂਚਨਾ ਉਲਪੱਬਧ ਸੀ ਉਸ ਦੀਆਂ ਤਸਦੀਕਸ਼ੁਦਾ ਕਾਪੀਆਂ ਅਤੇ ਸਭਾ ਦੇ ਨਕਲ ਮਤੇ ਦੀ ਕਾਪੀ ਦਫਤਰ ਦੇ ਪੱਤਰ ਨੰ: 847 ਮਿਤੀ 26.04.2019 ਰਾਹੀਂ ਉਪ ਰਜਿਸਟਰਾਰ (ਪੀ.ਆਈ.ਓ) ਨੂੰ ਭੇਜ ਦਿੱਤੀ ਗਈ। ਉਪ ਰਜਿਸਟਰਾਰ (ਪੀ.ਆਈ.ਓ) ਵਲੋਂ ਪੱਤਰ ਨੰ: 855 ਮਿਤੀ 01.05.2019 ਰਾਹੀਂ ਸ਼੍ਰੀ ਹਰਦੀਪ ਸਿੰਘ (ਦਰਖਾਸਤਕਰਤਾ) ਨੂੰ ਇਹ ਸੂਚਨਾਂ ਕਿਸੇ ਵੀ ਕੰਮ ਵਾਲੇ ਦਿਨ ਉਨਾਂ ਦੇ ਦਫਤਰ ਤੋਂ ਪ੍ਰਾਪਤ ਕਰਨ ਲਈ ਲਿਖਿਆ ਗਿਆ ਅਤੇ ਇਹ ਪੱਤਰ ਡਾਕ ਰਾਹੀਂ ਦਰਖਾਸਤਕਰਤਾ ਨੂੰ ਭੇਜਿਆ ਗਿਆ। ਸ਼੍ਰੀ ਹਰਦੀਪ ਸਿੰਘ (ਅਪੀਲਕਰਤਾ) ਵਲੋਂ 21.05.2019 ਨੂੰ ਉਪ ਰਜਿਸਟਰਾਰ (ਪੀ.ਆਈ.ਓ) ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਜੀ ਦੇ ਦਫਤਰ ਹਾਜਰ ਹੋ ਕੇ ਇਹ ਸੂਚਨਾ ਦਸਤੀ ਪ੍ਰਾਪਤ ਕਰ ਲਈ ਗਈ ਹੈ। ਸਹਾਇਕ ਰਜਿਸਟਰਾਰ ਵਲੋਂ ਜਵਾਬ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਅਪੀਲਕਰਤਾ ਦੀ ਦਰਖਾਸਤ ਦੇ ਨੁਕਤਾ ਨੰ: 2, 3 ਅਤੇ 7 ਸਬੰਧੀ ਸੂਚਨਾ ਇਸ ਦਫਤਰ ਵਿਚ ਉਪਲੱਬਧ ਹੋਣ ਕਰਕੇ ਪ੍ਰਾਰਥੀ ਨੂੰ ਦਿੱਤੀ ਜਾ ਚੁੱਕੀ ਹੈ, ਨੁਕਤਾ ਨੰ: 3 ਵਿਚ ਮੰਗੇ ਗਏ ਚੋਣ ਸਬੰਧੀ ਰੂਲਾਂ ਨਿਯਮਾਂ ਦੀ ਕਾਪੀ ਵਿਭਾਗ ਦੀ ਵੈਬਸਾਈਟ http://punjabcooperation.gov.in/html/puncofed.html ਤੋਂ ਡਾਊਨਲੋਡ ਕਰਨ ਸਬੰਧੀ ਲਿਖਤੀ ਰੂਪ ਵਿਚ ਦੱਸ ਦਿੱਤਾ ਗਿਆ ਹੈ ਅਤੇ ਨੁਕਤਾ ਨੰ: 1, 4, 5, 6 ਦੀ ਸੂਚਨਾ ਸਭਾ ਨਾਲ ਸਬੰਧਤ ਹੋਣ ਕਰਕੇ ਅਤੇ ਸਭਾ ਪਬਲਿਕ ਅਥਾਰਟੀ ਨਾ ਹੋਣ ਕਰਕੇ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਪਾਸ ਕੀਤੇ ਗਏ ਮਤਾ ਮਿਤੀ 09.04.2019 ਦੀ ਨਕਲ ਦੇ ਦਿੱਤੀ ਗਈ ਹੈ। ਅਪੀਲਕਰਤਾ ਦੀ ਦਰਖਾਸਤ ਮਿਤੀ 01.04.2019 ਨੂੰ ਪ੍ਰਾਪਤ ਹੋਈ ਸੀ। ਪੀ.ਆਈ.ਓ ਵਲੋਂ ਇਹ ਸੂਚਨਾ ਦੂਸਰੇ ਦਫਤਰ/ਸੰਸਥਾ ਤੋਂ ਪ੍ਰਾਪਤ ਕਰਕੇ ਦਿੱਤੀ ਜਾਣੀ ਸੀ, ਇਸ ਲਈ ਆਰ.ਟੀ.ਆਈ ਐਕਟ ਅਨੁਸਾਰ ਇਹ ਸੂਚਨਾ 35 ਦਿਨਾਂ ਵਿਚ ਭਾਵ ਮਿਤੀ 06.05.2019 ਤੱਕ ਦਿੱਤੀ ਜਾਣੀ ਸੀ, ਪ੍ਰੰਤੂ ਪੀ.ਆਈ.ਓ ਵਲੋਂ ਦਰਖਾਸਤਕਰਤਾ ਨੂੰ ਮਿਤੀ 01.05.2019 ਨੂੰ ਭਾਵ 31ਵੇਂ ਦਿਨ ਹੀ ਸੂਚਨਾ ਪ੍ਰਾਪਤ ਕਰਨ ਲਈ ਪੱਤਰ ਲਿਖ ਦਿੱਤਾ ਗਿਆ ਸੀ। ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਨਵਾਂਸ਼ਹਿਰ ਨੇ ਅੱਗੇ ਲਿਖਿਆ ਗਿਆ ਹੈ ਕਿ ਅਪੀਲਕਰਤਾ ਦੀ ਦਰਖਾਸਤ ਅਨੁਸਾਰ ਜ਼ੋ ਸੂਚਨਾ ਇਸ ਦਫਤਰ ਵਿਚ ਉਪਲੱਬਧ ਸੀ ਉਹ ਸੂਚਨਾ ਅਪੀਲਕਰਤਾ ਨੂੰ ਸਮੇਂ ਸਿਰ ਦਿੱਤੀ ਜਾ ਚੁੱਕੀ ਹੈ, ਜਿਸ ਕਾਰਨ ਅਪੀਲਕਰਤਾ ਨੂੰ ਸੂਚਨਾ ਦੇਣ ਵਿਚ ਕੋਈ ਦੇਰੀ ਨਹੀਂ ਹੋਈ ਹੈ। ਸਹਾਇਕ ਰਜਿਸਟਰਾਰ ਵਲੋਂ ਅਪੀਲ ਦਾਖਲ ਦਫਤਰ ਕਰਨ ਲਈ ਬੇਨਤੀ ਕੀਤੀ ਗਈ ਹੈ।

ਅਪੀਲਕਰਤਾ ਵਲੋਂ ਦਰਖਾਸਤ ਮਿਤੀ : 29.03.2019 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਮੰਗੀ ਗਈ ਸੂਚਨਾ ਉਸਨੂੰ ਦੀ ਚੱਕ ਬਿਲਗਾ ਸਹਿਕਾਰੀ ਬਹੁਮੰਤਵੀ ਸੇਵਾ ਸਭਾ ਲਿਮ:, ਚੱਕ ਬਿਲਗਾ ਪਾਸੋਂ ਪ੍ਰਾਪਤ ਕਰਕੇ ਸਪਲਾਈ ਕੀਤੀ ਜਾਣੀ ਸੀ, ਪਰੰਤੂ ਸਭਾ ਵਲੋਂ ਆਪਣੇ ਨਕਲ ਮਤਾ ਮਿਤੀ : 09.04.2019 ਰਾਹੀਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2013 ਸਬੰਧੀ ਕੀਤੇ ਗਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਜੋ ਸੂਚਨਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ

.......3.......

ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਵਾਂਸ਼ਹਿਰ ਦਫਤਰ ਵਿੱਚ ਮੌਜੂਦ ਸੀ, ਉਹ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਵਲੋਂ ਪ੍ਰਾਰਥੀ ਨੂੰ ਮਿਤੀ : 21.05.2019 ਨੂੰ ਦਸਤੀ ਸਪਲਾਈ ਕੀਤੀ ਜਾ ਚੁੱਕੀ ਹੈ।

ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਦੇਣ ਵਾਸਤੇ ਭਾਵੇਂ ਦੀ ਚੱਕ ਬਿਲਗਾ ਸਹਿਕਾਰੀ ਬਹੁਮੰਤਵੀ ਸੇਵਾ ਸਭਾ ਲਿਮ:, ਚੱਕ ਬਿਲਗਾ ਵਲੋਂ ਇਨਕਾਰ ਕੀਤਾ ਗਿਆ ਹੈ, ਪਰੰਤੂ ਇਸਦੇ ਬਾਵਜੂਦ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਵਾਂਸ਼ਹਿਰ ਦਫਤਰ ਵਿੱਚ ਜੋ ਸੂਚਨਾ ਉਪਲਬੱਧ ਸੀ ਉਹ ਪ੍ਰਾਰਥੀ ਨੂੰ 21.05.2019 ਨੂੰ ਸਪਲਾਈ ਕੀਤੀ ਜਾ ਚੁੱਕੀ ਹੈ। ਉੱਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।
ਮਿਤੀ : 12.06.2019.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਅਸਲ ਕਾਪੀ ਤੋਂ ਤਸਦੀਕ ਕੀਤਾ
ਸੁਪਰਡੰਟ 10/7/19
ਦਫਤਰ ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

8/5/19

ਪਹਿਲਾ ਅਪੀਲੀ ਅਧਿਕਾਰੀ - ਕਮ -
~~ਜ਼ਿਲ੍ਹਾ~~ ਟਾਊਨਪਲਾਨਰ, ਸਥਾਨਕ ਸਰਕਾਰ,
ਜਲੰਧਰ ਮੰਡਲ, ਜਲੰਧਰ ।

[ਵਿਸ਼ਾ → ਆਰ.ਟੀ.ਆਈ ਐਕਟ ਤਹਿਤ ਸੂਚਨਾ ਲੈਣ ਦੀ ਅਪੀਲ ਸਬੰਧੀ]

1322
9/5/19

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਰਣਦੀਪ ਸਿੰਘ ਪੁੱਤਰ ਤਰਸੇਮ ਰਾਮ, ਵਾਸੀ ਪਿੰਡ ਕੁਲਥਮ, ਤਹਿ. ਬੰਗਾ, ਜਿਲ੍ਹਾ ਸ.ਭ.ਸ. ਨਗਰ ਦਾ ਵਸਨੀਕ ਹਾਂ। ਮੈਂ ਆਪ ਜੀ ਨੂੰ ਹੇਠ ਲਿਖਤ ~~ਬੇਨਤੀ~~ ਕਰਦਾ ਹਾਂ ਕਿ :—

① ਮੈਂ ਮਿਤੀ 29-03-19 ਨੂੰ ਰਜਿਸਟਰਡ ਡਾਕ ਰਾਹੀਂ ਪੀ.ਆਈ.ਓ. ਦਫ਼ਤਰ ਉਪ ਟਾਊਨਪਲਾਨਰ, ਸਥਾਨਕ ਸਰਕਾਰ ਜਿਲ੍ਹਾ ਸ.ਭ.ਸ. ਨਗਰ ਜੀ ਨੂੰ ਨਾਲ ਲੱਗੀ ਆਰ.ਟੀ.ਆਈ ਐਪਲੀਕੇਸ਼ਨ ਸੂਚਨਾ ਲੈਣ ਲਈ ਪਾਈ ਸੀ। ਇਸ ਐਪਲੀਕੇਸ਼ਨ ਨਾਲ ਆਰ.ਟੀ.ਆਈ ਫੀਸ ਅਤੇ ਚਾਲੂ ਰਕਮ ਰੁਪਏ 100 ਰੁਪਏ ਦਾ IPO NO. 51H-432593 ਨਾਲ ਲੱਗਾ ਦਿੱਤਾ ਸੀ। ਪਰ ਪੀ. ਆਈ.ਓ. ਵੱਲੋਂ ਮੈਨੂੰ ਹੁਣ ਤੱਕ ਕੋਈ ਵੀ ਸੂਚਨਾ ਮੁਹੱਈਆ ਨਹੀਂ ਕਰਵਾਈ ਹੈ। ਜੋ ਇਸ ਕਰਕੇ ਪੀ.ਆਈ.ਓ. ਦਫ਼ਤਰ ਉਪ ਟਾਊਨਪਲਾਨਰ ਸਥਾਨਕ ਸਰਕਾਰ, ਜਿਲ੍ਹਾ ਸ.ਭ.ਸ. ਨਗਰ ਪਾਸੋਂ ਮੇਰੀ ਸੂਚਨਾ ਦਿਵਾਈ ਜਾਵੇ ਜੀ। ਆਪ ਜੀ ਦੀ ਬੜੀ ਬੜੀ ਮੇਹਰਬਾਨੀ ਹੋਵੇਗੀ ਜੀ।

ਧੰਨਵਾਦ ਸਹਿਤ,

(ਦਸਤਖ਼ਤ)

ਮਿਤੀ 06-05-19

ਵੱਲੋਂ → ਰਣਦੀਪ ਸਿੰਘ ਪੁੱਤਰ ਤਰਸੇਮ ਰਾਮ,
ਵਾਸੀ ਪਿੰਡ ਕੁਲਥਮ, ਤਹਿ. ਬੰਗਾ,
ਜਿਲ੍ਹਾ ਸ.ਭ.ਸ. ਨਗਰ ।
ਮੋ: ਨੰ: 98148-47273

ਨਾਲ ਲੱਗੀ ① ਆਰ.ਟੀ. ਪਹੁੰਚ ਕਾਪੀ।
② IPO ਰੁਪਏ 100 ਦੀ ਫੋਟੋਕਾਪੀ।